# DALIT CONSCIOUSNESS IN BHAGAT RAVIDAS BANI (POETRY)

# ਭਗਤ ਰਵਿਦਾਸ ਜੀ ਦੀ ਬਾਣੀ ਵਿਚ ਦਲਿਤ ਚੇਤਨਾ

**ਰਿੰਕੂ** (Rinku)

**ਖੋਜਾਰਥਣ** (Research scholar)

**ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਉੱਤਰ ਪ੍ਰਦੇਸ਼।**

Email ID: rinkusahuwala1@gmail.com ਮੋਬਾਈਲ: +91- 8708476924

**ABSTRACT**

*ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਮੁੱਚੀ ਬਾਣੀ ਮਾਨਵੀ ਸਰੋਕਾਰਾਂ ਨੂੰ ਪੇਸ਼ ਕਰਦੀ ਹੈ। ਇਸ ਪਵਿੱਤਰ ਗ੍ਰੰਥ ਦੀ ਸੰਪਾਦਨਾ ਮੌਕੇ ਇਸ ਵਿੱਚ ਹਰੇਕ ਤਬਕੇ ਦੇ ਭਗਤਾਂ, ਭੱਟਾਂ, ਗੁਰੂ ਘਰ ਦੇ ਸਿੱਖਾਂ ਅਤੇ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਭਗਤ ਰਵਿਦਾਸ ਜੀ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਵਿਚੋਂ ਇਕ ਹਨ। ਉਨ੍ਹਾਂ ਦੀ ਬਾਣੀ ਬੇਗਮਪੁਰਾ ਸ਼ਹਿਰ ਵਸਾਉਣ ਦਾ ਸੰਕਲਪ ਪੇਸ਼ ਕਰਦੀ ਹੈ। ਇਸ ਲਈ ਉਹ ਅਖੌਤੀ ਜਾਤੀ ਪ੍ਰਥਾ ਨੂੰ ਤਿਆਗ ਕੇ ਨਵੇਂ ਸੰਕਲਪ ਪੇਸ਼ ਕੀਤੇ, ਹੱਥਲੇ ਖੋਜ ਕਾਰਜ ਵਿੱਚ ਉਨ੍ਹਾਂ ਦੀ ਬਾਣੀ ਵਿਚ ਵਿਆਪਕ ਦਲਿਤ ਚੇਤਨਾ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ।*

***ਕੀਵਰਡ : ਗੁਰੂ ਗ੍ਰੰਥ ਸਾਹਿਬ, ਭਗਤ ਰਵਿਦਾਸ, ਭਗਤ ਬਾਣੀ, ਸਮਾਜ, ਦਲਿਤ ਚੇਤਨਾ।***

ਭਾਰਤੀ ਸਮਾਜ ਲੰਬੇ ਸਮੇਂ ਤੋਂ ਜਾਤ ਪਾਤ, ਉਚ ਨੀਚ ਵਰਗੇ ਅਸਮਾਜਿਕ ਵਰਤਾਰਿਆਂ ਨਾਲ ਜੂਝਦਾ ਰਿਹਾ ਹੈ। ਜਾਤੀ ਪ੍ਰਥਾ ਭਾਰਤੀ ਸਮਾਜ ਦੇ ਗੌਰਵ ਨੂੰ ਹਮੇਸ਼ਾ ਕਲੰਕਿਤ ਕਰਦੀ ਰਹੀ ਹੈ। ਦਲਿਤ ਸਮਾਜ ਨਾਲ ਹੁੰਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਿਤਕਰੇ ਕਾਰਨ ਇਨ੍ਹਾਂ ਵਰਗਾਂ ਵਿਚ ਹੀਣ ਭਾਵਨਾ ਦਾ ਪੈਦਾ ਹੋਣਾ ਸੁਭਾਵਿਕ ਹੈ ਪਰ ਭਾਰਤ ਦੀ ਧਰਤੀ ਤੇ ਪੈਦਾ ਹੋਏ ਸੰਤਾਂ, ਭਗਤਾਂ ਨੇ ਇਸ ਅਮਾਨਵੀ ਵਿਤਕਰੇ ਨੂੰ ਹੱਡੀਂ ਵੀ ਹੰਢਾਇਆ ਅਤੇ ਇਸਦਾ ਬਣਦਾ ਪ੍ਰਤੀਕਰਮ ਵੀ ਦਿੱਤਾ ਹੱਥਲੇ ਪੇਪਰ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ ਦਾ ਦਲਿਤ ਪਰਿਪੇਖ ਤੋਂ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਦਲਿਤ ਸ਼ਬਦ ਨੂੰ ਸਮਝਿਆ ਜਾਵੇ। ਭਾਈ ਕਾਹਨ ਸਿੰਘ ਨਾਭਾ ਅਨੁਸਾਰ:-

> *"ਦਲਿਤ ਦਾ ਅਰਥ ਹੈ ਦਲਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤ ਵਾਲਾ, ਜੋ ਉੱਚੀਆਂ ਜਾਤੀਆਂ ਦੇ ਪੈਰਾਂ ਹੇਠ ਦਲਿਆ ਗਿਆ ਹੈ।"*[1]

ਵਰਤਮਾਨ ਸਮਾਜ ਵਿੱਚ ਮਹਾਤਮਾ ਫੂਲੇ ਨੇ ਪਹਿਲੀ ਵਾਰ ਪੱਛੜੀਆਂ ਸ਼੍ਰੇਣੀਆਂ ਦੇ ਸੁਧਾਰ ਲਈ ਦਲਿਤ ਸ਼ਬਦ ਦੀ ਵਰਤੋਂ ਕੀਤੀ ਪਰ ਇਹ ਵੀ ਮੰਨਿਆ ਜਾਂਦਾ ਹੈ ਕਿ ਦਲਿਤ ਸ਼ਬਦ ਦੀ ਵਰਤੋਂ ਅਨੁਸੂਚਿਤ ਜਾਤੀਆਂ ਲਈ ਡਾਕਟਰ ਅੰਬੇਦਕਰ ਜੀ ਨੇ ਵਰਤਿਆ। ਇਸ ਤੋਂ ਇਲਾਵਾ ਇਸ ਵਰਗ ਲਈ ਅਛੂਤ (Untouchables), ਪੀੜਤ/ਦੱਬੀਆਂ ਧਿਰਾਂ (Depressed Classes), ਅਨੁਸੂਚਿਤ ਜਾਤੀ (Scheduled Caste), ਹਰੀਜਨ ਅਤੇ ਗੁਲਾਮ ਵਰਗ ਸ਼ਬਦਾਂ ਦੀ ਵਰਤੋਂ ਵੀ ਹੁੰਦੀ ਹੈ। ਇਸ ਤਰ੍ਹਾਂ ਦਲਿਤ ਸਮਾਜ ਦਾ ਉਹ ਨਪੀੜਿਆ, ਦਲਿਆ ਹੋਇਆ ਵਰਗ ਹੈ ਜਿਨ੍ਹਾਂ ਦੀ ਮਹੱਤਤਾ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਹੋਰ ਸੰਸਥਾਵਾਂ ਵਿਚ ਸਿਫ਼ਰ ਦੇ ਬਰਾਬਰ ਹੁੰਦੀ ਹੈ ਅਤੇ ਉਨ੍ਹਾਂ ਨੂੰ ਸਮਾਜ ਦੇ ਸੇਵਕਾਂ ਵਜੋਂ ਗਿਣਿਆ ਜਾਂਦਾ ਹੈ ਪਰਿ ਇਨ੍ਹਾਂ ਧਿਰਾਂ ਨੇ ਆਪਣਾ ਜੀਵਨ ਢੰਗ ਸੁਧਾਰਨ ਦਾ ਹਰ ਸੰਭਵ ਉਪਰਾਲਾ ਕੀਤਾ ਇਹ ਉਪਰਾਲੇ ਉਨ੍ਹਾਂ ਦੀ ਚੇਤਨਾ ਵਜੋਂ ਹੀ ਵਿਕਸਤ ਹੋਏ, ਓਮ ਪ੍ਰਕਾਸ਼ ਵਾਲਮੀਕਿ ਅਨੁਸਾਰ:-

> *"ਦਲਿਤ ਦੀ ਵਿੱਥਿਆ,ਦੁੱਖ ਪੀੜਾ, ਸ਼ੋਸ਼ਣ ਦਾ ਵਰਨਣ ਕਰਨਾ, ਵਿਆਖਿਆ ਕਰਨਾ ਜਾਂ ਭਾਵੁਕ ਵਰਨਣ ਕਰਨਾ ਦਲਿਤ ਚੇਤਨਾ ਨਹੀ ਹੈ। ਚੇਤਨਾ ਦਾ ਸਿੱਧਾ ਸੰਬੰਧ ਦ੍ਰਿਸ਼ਟੀ ਨਾਲ ਹੁੰਦਾ ਹੈ, ਜੋ ਦਲਿਤਾਂ ਦੀ ਸਾਂਸਕ੍ਰਿਤਕ, ਇਤਿਹਾਸਕ,ਸਮਾਜਕ ਭੂਮਿਕਾ ਦੀ ਸ਼ਬੀ ਦੇ ਤਲਿਸਮ ਨੂੰ ਤੋੜਦੀ ਹੈ, ਉਹ ਦਲਿਤ ਚੇਤਨਾ ਹੈ।"*[2]

ਵਿਗਿਆਨਕ ਦ੍ਰਿਸ਼ਟੀ ਪੈਦਾ ਹੋਣ ਕਾਰਨ ਕਿਸੇ ਵੀ ਤੱਥ ਨੂੰ ਤਰਕ ਵਿਤਰਕ ਨਾਲ ਸਮਝਣਾ ਹੀ ਚੇਤਨਾ ਦੀ ਪਹਿਲੀ ਨਿਸ਼ਾਨਦੇਹੀ ਹੈ। ਮੱਧਕਾਲੀ ਉੱਤਰੀ ਭਾਰਤ ਦੀ ਸੰਤ ਪ੍ਰੰਪਰਾ ਵਿੱਚ ਭਗਤ ਰਵਿਦਾਸ ਜੀ ਦਾ ਮਹੱਤਵਪੂਰਨ ਸਥਾਨ ਹੈ। ਉਸ ਸਮੇਂ ਦੀ ਵਰਣ ਆਧਾਰਿਤ ਸਮਾਜਿਕ ਸਥਿਤੀ ਵਿਚ ਜਨਮ ਲੈਣ ਕਾਰਨ ਉਨ੍ਹਾਂ ਦੀ ਮਾਨਵਵਾਦੀ ਸ਼ਖ਼ਸੀਅਤ ਨੂੰ ਸਭ ਤੋਂ ਪਹਿਲਾਂ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ ਟਕਰਾਓ ਹੋਣਾ ਸੁਭਾਵਿਕ ਸੀ। ਗੁਰੂ ਰਵਿਦਾਸ ਜੀ ਵਾਸਤਵ ਵਿੱਚ ਰਾਮਾਨੰਦ ਦੇ ਬਾਰਾਂ ਸ਼ਿਸ਼ਾਂ ਵਿਚੋਂ ਇਕ ਸਨ। ਜਾਤੀ ਤੌਰ ਤੇ ਆਪ ਚਮਾਰ ਸਨ ਅਤੇ ਉਨ੍ਹਾਂ ਨੇ ਸ਼ੂਦਰ ਹੋਣ ਦੀ ਤ੍ਰਾਸਦਿਕ

ਸਥਿਤੀ ਨੂੰ ਆਪਣੇ ਪਿੰਡੇ ਤੇ ਹੰਢਾਇਆ। ਭਗਤ ਰਵਿਦਾਸ ਜੀ ਦਾ ਸਮਾਂ ਅਖੌਤੀ ਬ੍ਰਾਹਮਣੀ ਸੋਚ ਦਾ ਅਨੁਸਾਰੀ ਸੀ ਜਿਸ ਵਿਚ ਨੀਵੀਂ ਜਾਤੀ ਦੇ ਲੋਕਾਂ ਨੂੰ ਪੜ੍ਹਨ ਲਿਖਣ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਉਨ੍ਹਾਂ ਨੂੰ ਉਚ ਜਾਤੀ ਦੇ ਲੋਕਾਂ ਤੋਂ ਦੂਰ ਰਹਿਣਾ ਪੈਂਦਾ ਸੀ ਅਤੇ ਪੀੜ੍ਹੀ ਦਰ ਪੀੜ੍ਹੀ ਪਿਤਾਪੁਰਖੀ ਕਿੱਤਿਆਂ ਨੂੰ ਅਪਣਾਉਂਦੇ ਸਨ। ਵਰਣ ਆਸ਼ਰਮ ਅਨੁਸਾਰ ਇਸ ਵਰਗ ਦਾ ਕਰਮ ਉਕਤ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਹੀ ਸੀ। ਇਸ ਤਰ੍ਹਾਂ ਅਖੌਤੀ ਉੱਚ ਜਾਤੀ ਦੇ ਲੋਕ ਇਨ੍ਹਾਂ ਉਪਰ ਬੇਹੱਦ ਜ਼ੁਲਮ ਕਰਦੇ ਸਨ, ਜਿਨ੍ਹਾਂ ਬਾਰੇ ਭਗਤ ਰਵਿਦਾਸ ਜੀ ਲਿਖਦੇ ਹਨ:-

*ਜਾ ਕੀ ਛੋਤਿ ਜਗਤ ਕਉ ਲਾਗੈ, ਤਾਂ ਪਰ ਤੁਹੀ ਢਰੈ।।*[3]

ਇਸ ਸਮੇਂ ਨੀਵੀਂ ਜਾਤੀ ਦੇ ਲੋਕ ਮੰਦਿਰਾਂ ਵਿਚ ਪੂਜਾ ਨਹੀਂ ਕਰ ਸਕਦੇ ਸਨ, ਇਸਦੇ ਉਲਟ ਉਨ੍ਹਾਂ ਦਾ ਕੰਮ ਗਲੀਆਂ ਦੀ ਸਫਾਈ, ਮ੍ਰਿਤ ਪਸ਼ੂਆਂ ਨੂੰ ਢੋਹਣਾ ਅਤੇ ਜੁੱਤੀਆਂ ਬਣਾਉਣਾ ਆਦਿਕ ਸੀ ਪ੍ਰੰਤੂ ਭਗਤ ਰਵਿਦਾਸ ਜੀ ਨੇ ਲੰਬੇ ਸਮੇਂ ਤੋਂ ਆ ਰਹੀ ਇਸ ਜਾਤੀ ਆਧਾਰਿਤ ਪ੍ਰੰਪਰਾ ਨੂੰ ਵੰਗਾਰਿਆ ਅਤੇ ਪਰਮਾਤਮਾ ਦੀ ਭਗਤੀ ਕਰਕੇ ਆਮ ਲੋਕਾਂ ਦੀ ਚੇਤਨਾ ਵਿੱਚ ਇਹ ਤੱਥ ਸਥਾਪਤ ਕੀਤਾ ਕਿ ਪਰਮਾਤਮਾ ਦੀ ਸ਼ਰਨ ਜਾਂ ਭਗਤੀ ਕਰਨ ਲਈ ਉੱਚੀ ਜਾਂ ਨੀਵੀਂ ਜਾਤੀ ਦਾ ਕੋਈ ਮਤਲਬ ਨਹੀਂ ਹੈ ਅਤੇ ਨਾ ਹੀ ਗਰੀਬੀ, ਜਾਤੀ ਆਦਿਕ ਸਥਿਤੀਆਂ ਪ੍ਰਭੂ ਭਗਤੀ ਵਿਚ ਰੁਕਾਵਟ ਬਣ ਸਕਦੀਆਂ ਹਨ। ਉਸ ਅਨੁਸਾਰ ਕਿਸੇ ਵੀ ਜਾਤੀ ਦਾ ਭਗਤ ਭਗਤੀ ਦੁਆਰਾ ਹੀ ਪਵਿੱਤਰ ਅਤੇ ਮੁਕਤੀ ਹਾਸਲ ਕਰ ਸਕਦਾ ਹੈ।

*ਜਿਸ ਕੁਲ ਸਾਧੁ ਬੈਸਨੋ ਹੋਏ।*
*ਬਰਨ ਅਬਰਨ ਰੰਕੁ ਨਹੀਂ ਈਸੁਰੁ ਬਿਸਲ ਬਾਸ ਜਾਨੀਐ ਜਗ ਸੋਇ।*
*ਬ੍ਰਾਹਮਣ ਬੈਸ ਸੂਦ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।*
*ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।*[4]

ਇਸ ਪ੍ਰਕਾਰ ਉਚ ਕੁੱਲ ਵਾਲਾ ਕਰਮਕਾਂਡੀ ਸੱਚੀ ਭਗਤੀ ਤੋਂ ਬਿਨਾਂ ਚੰਡਾਲ ਅਤੇ ਨੀਵੀਂ ਜਾਤੀ ਵਾਲਾ ਸੱਚੀ ਭਗਤੀ ਨਾਲ ਪੁਨੀਤ/ਉੱਚੀ ਪਦਵੀ ਵਾਲਾ ਬਣ ਸਕਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਭਗਤ ਰਵਿਦਾਸ ਜੀ ਨੇ ਜਨਮ ਆਧਾਰਿਤ ਜਾਤੀ ਪ੍ਰਥਾ ਦਾ ਖੰਡਨ ਕਰਕੇ ਕਰਮ ਆਧਾਰਤ ਵਿਵਸਥਾ ਤੇ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ ਸ਼ੂਦਰ ਨੀਚ ਕਰਮਾਂ ਨਾਲ ਹੁੰਦਾ ਹੈ।

*ਰਵਿਦਾਸ ਸੁਕਰਸਨ ਕਰਤ ਸੌ ਨੀਚ ਉਚ ਹੋ ਜਾਏ।*
*ਕਰਿਹ ਕੁਕਰਮ ਜੋ ਉਚ ਭੀ ਤੌ ਮਹਾਂਨੀਵ ਕਹਿਲਾਏ।*
*ਦਇਆ ਧਰਮ ਜਿਨਮੇਂ ਨਹੀਂ, ਹਿਰਦੇ ਪਾਪ ਕੋ ਨੀਚ।*
*ਜਿਨ ਕੈ ਹਿਰਦੇ ਸੰਤ ਬਸੈ, ਪੰਚ ਦੋਸ਼ ਬਸਿ ਨਹੀਂ।*
*ਰਵਿਦਾਸ ਤਉ ਨਾ ਊਚ ਭਉ, ਸਮਝਿ ਲਉ ਮਨ ਮਾਹੀਂ।*
*ਪੰਚ ਦੋਸ਼ ਤਜਿ ਜੋ ਰਹੇ, ਸੰਤ ਚਰਨ ਲਵਲੀਨ।*
*ਰਵਿਦਾਸ ਤੇਹੀ ਨਰ ਜਾਨੀਐ, ਊਚਹਿ ਅਰੁ ਕੁਲੀਨ।।*[5]

ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਵੈਦਿਕ ਪਰੰਪਰਾ ਤੋਂ ਚੱਲ ਰਹੀ ਜਨਮ ਆਧਾਰਿਤ ਵਰਣ ਵਿਵਸਥਾ ਨੂੰ ਪੁਨਰ ਪ੍ਰਭਾਸ਼ਿਤ ਕੀਤਾ ਅਤੇ ਕਿਹਾ :-

*ਬ੍ਰਾਹਮਣ ਉਹ ਹੈ ਜੋ ਧਰਮ ਪੂਰਣ ਆਚਰਣ ਵਿਚ ਪੂਰਾ ਹੋਵੇ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਛੱਡ ਦੇਵੇ,*[6] *ਦੀਨ ਦੁਖੀਆਂ ਲਈ ਆਪਣਾ ਅੰਗ ਅੰਗ ਕਟਵਾਉਣ ਵਾਲਾ, ਪ੍ਰਾਣ ਨਿਛਾਵਰ ਕਰਨ ਵਾਲਾ ਅਤੇ ਰਣ ਭੂਮੀ ਵਿਚੋਂ ਨਾ ਭੱਜਣ ਵਾਲਾ ਖੱਤਰੀ ਹੁੰਦਾ ਹੈ।*[7] *ਸਤਿਕਰਮ ਕਰਕੇ ਪੁੰਨ ਕਮਾਉਣ ਵਾਲਾ ਵੈਸ਼*[8] *ਅਤੇ ਸ਼ੂਦਰ ਨੂੰ ਅਤਿ ਪਵਿੱਤਰ ਕਿਹਾ ਹੈ।*[9]

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਵਿਚ ਸਥਾਪਤ ਵਰਣ ਵਿਵਸਥਾ ਦਾ ਖੰਡਨ ਕੀਤਾ ਗਿਆ ਹੈ ਅਤੇ ਬ੍ਰਾਹਮਣ ਦੀ ਉੱਚਤਾ ਅਤੇ ਸ਼ੂਦਰ ਦੀ ਨਿਮਨਤਾ ਦਾ ਖੰਡਨ ਕਰਕੇ ਸਮੁੱਚੀ ਮਾਨਵਤਾ ਨੂੰ ਇਕ ਪੱਧਰ ਤੇ ਹੀ ਕਬੂਲ ਕੀਤਾ ਹੈ। ਭਗਤ ਰਵਿਦਾਸ ਜੀ ਨੇ ਪ੍ਰਭੂ ਭਗਤੀ ਦੇ ਆਧਾਰ ਤੇ ਹੀ ਮਨੁੱਖੀ ਜੀਵਨ ਦੀ ਉੱਚਤਾ ਅਤੇ ਹੀਣਤਾ ਨੂੰ ਸਮਝਿਆ ਹੈ। ਪ੍ਰਭੂ-ਭਗਤੀ ਦੇ ਆਧਾਰ ਤੇ ਹੀ ਭਗਤ ਰਵਿਦਾਸ ਜੀ ਨੇ ਬ੍ਰਾਹਮਣ ਦੀ ਉੱਚਤਾ/ਉੱਤਮਤਾ ਨੂੰ ਤਿਆਗ ਕੇ 'ਸੰਤ' ਦੇ ਮਹੱਤਵ ਨੂੰ ਪੇਸ਼ ਕੀਤਾ ਹੈ:-

*ਸੰਤ ਤੁਝੀ ਤਨੁ ਸੰਗਤਿ ਪ੍ਰਾਨ।।*
*ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ।।*
*ਸੰਤ ਕੀ ਸੰਗਤਿ ਸੰਤ ਕਥਾ ਰਸੁ।।*
*ਸੰਤ ਪ੍ਰੇਮ, ਮਾਝੈ ਦੀਜੈ ਦੇਵਾਦੇਵ।।*
*ਸੰਤ ਆਚਰਣ, ਸੰਤ ਚੋ ਮਾਰਗ, ਸੰਤ ਦਾ ਓਲਗ ਓਲਗਣੀ।।*
*........*
*ਸੰਤ ਅਨੰਤਹਿ ਅੰਤਰ ਨਾਹੀ।।*[10]

ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਵਰਣ ਆਧਾਰਿਤ ਸਮਾਜ ਵਿੱਚ ਸੰਤ ਦੀ ਉਪਾਧੀ ਨੂੰ ਮਹੱਤਤਾ ਦਿੰਦੇ ਹੋਏ ਇਹ ਧਾਰਨਾ ਦਿੱਤੀ ਕਿ ਪ੍ਰਭੂ ਦੀ ਭਗਤੀ ਤੇ ਅਮਰਤਵ ਪਦ ਕਿਸੇ ਜਾਤੀ ਵਿਸ਼ੇਸ਼ ਦੇ ਅਧਿਕਾਰ ਵਿੱਚ ਨਹੀਂ ਹੈ ਬਲਕਿ ਕਿਸੇ ਵੀ ਜਾਤੀ ਜਾਂ ਵਰਣ ਨਾਲ ਸੰਬੰਧਤ ਮਨੁੱਖ ਪਰਮਾਤਮਾ ਦੀ ਆਰਾਧਨਾ ਕਰਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ।

ਭਗਤ ਰਵਿਦਾਸ ਬਾਣੀ ਵਿਚ ਦਲਿਤ ਚੇਤਨਾ ਨਾਲ ਸੰਬੰਧਤ ਇਕ ਪਾਸਾਰ ਆਪਣੀ ਪਛਾਣ ਨੂੰ ਉਭਾਰਨ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਮਨੁੱਖ ਕਿਸੇ ਨੀਵੀਂ ਜਾਤੀ ਵਿੱਚ ਪੈਦਾ ਹੋ ਕੇ ਹੀਣਤਾ ਦਾ ਸ਼ਿਕਾਰ ਨਾ ਹੋਵੇ ਬਲਕਿ ਉਸਨੂੰ ਆਪਣੇ ਆਪ ਉਪਰ ਮਾਣ ਹੋਵੇ, ਉਹ ਆਪਣੀ ਬਾਣੀ

ਵਿੱਚ ਸਵੈ ਮਾਣ ਨਾਲ ਚਮਾਰ ਜਾਤੀ ਨਾਲ ਸੰਬੰਧਤ ਹੋਣ ਜੀ ਪੇਸ਼ਕਾਰੀ ਕਰਦੇ ਹਨ:-

*ਨਾਗਰ ਜਨਾਂ ਮੇਰੀ ਜਾਤੀ ਬਿਖਿਆਤ ਚੰਮਾਰੰ।*

*ਰਿਦੈ ਰਾਮ ਗੋਬਿੰਦ ਗੁਨ ਸਾਰੰ।।* [11]

ਇਸ ਪ੍ਰਕਾਰ ਉਸ ਅਨੁਸਾਰ ਹਿਰਦੈ ਵਿੱਚ ਰਾਮ ਨਾਮ ਹੋਣਾ ਜ਼ਰੂਰੀ ਹੈ। ਇਸੇ ਕਾਰਨ ਹੀ ਸਵੈਮਾਣ ਉਪਜਦਾ ਹੈ ਇਸ ਲਈ ਉਸਦੀ ਬਾਣੀ ਵਿਚ 'ਪ੍ਰੇਮ ਭਗਤੀ ਦੇ ਕਾਰਣੈ ਕਹੁ ਰਵਿਦਾਸ ਚਮਾਰ', 'ਕਹਿ ਰਵਿਦਾਸ ਖਲਾਸ ਚਮਾਰਾ' ਅਤੇ 'ਮੇਰੇ ਰਾਮਈਏ ਰੰਗ ਮਜੀਠ ਦਾ ਕਹੁ ਰਵਿਦਾਸ ਚਮਾਰ' ਦੀ ਪ੍ਰਤੀਧੁਨੀ ਗੂੰਜਦੀ ਹੈ। ਇਸਤੋਂ ਇਹ ਨਹੀਂ ਮੰਨਣਾ ਚਾਹੀਦਾ ਕਿ ਭਗਤ ਰਵਿਦਾਸ ਜੀ ਆਪਣੀ ਜ਼ਾਤੀ ਨੂੰ ਅਖੌਤੀ ਤੌਰ ਤੇ ਉੱਚ ਮੰਨਣ ਦੀ ਜ਼ਿੱਦ ਉਪਰ ਅੜ੍ਹੇ ਹੋਏ ਸਨ ਬਲਕਿ ਉਹ ਜ਼ਾਤੀ ਤੌਰ ਤੇ ਸਮਾਜਿਕ ਸਾਂਝਤਾ ਦਾ ਸੰਦੇਸ਼ ਦਿੰਦੇ ਸਨ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਪ੍ਰਭੂ ਭਗਤੀ ਸਾਹਮਣੇ ਕੋਈ ਵੀ ਜ਼ਾਤੀ ਮਹੱਤਵ ਨਹੀਂ ਰੱਖਦੀ ਇਸੇ ਕਾਰਨ ਉਹ ਵਰਣ ਵਿਵਸਥਾ ਨੂੰ ਰੱਦ ਕਰਦੇ ਨਜ਼ਰ ਆਉਂਦੇ ਹਨ।

*ਮੇਰੀ ਜਾਤੀ ਕਮੀਨੀ ਪਾਤੀ ਕਮੀਨੀ ਓਛਾ ਜਨਮੁ ਹਮਾਰਾ,*

*ਤੁਮ ਸਰਨਾਗਤੀ ਰਾਜਾ ਰਾਮਚੰਦਰ ਕਹਿ ਰਵਿਦਾਸ ਚਮਾਰਾ।*[12]

ਇਸ ਤਰ੍ਹਾਂ ਉਨ੍ਹਾਂ ਨੇ ਸਮੁੱਚੀ ਮਾਨਵ ਜਾਤੀ ਨੂੰ ਸਵੈਮਾਣ ਨਾਲ ਜੀਣ ਅਤੇ ਆਚਰਣ ਨੂੰ ਸਾਫ਼ ਰੱਖਣ ਦੀ ਪ੍ਰੇਰਨਾ ਦਿੱਤੀ ਹੈ। ਰਵਿਦਾਸ ਬਾਣੀ ਵਿਚ ਵਰਨ ਆਧਾਰ ਸਮਾਜ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਨੇ ਉੱਚ ਵਰਗ ਵੱਲੋਂ ਨਿਮਨ ਵਰਗ ਤੇ ਕੀਤੀ ਜਾਂਦੀ ਜ਼ਿਆਦਤੀ ਨੂੰ ਨਕਾਰਿਆ ਅਤੇ ਜਾਤੀ ਦਾ ਥਾਂ ਕਰਮ ਨੂੰ ਪਹਿਲ ਦੇ ਕੇ ਬ੍ਰਾਹਮਣ ਦੀ ਉੱਚਤਾ ਅਤੇ ਦਲਿਤ ਦੀ ਹੀਣਤਾ ਨੂੰ ਤਿਆਗ ਕੇ 'ਸੰਤ' ਦੀ ਉੱਤਮਤਾ ਨੂੰ ਸਵੀਕਾਰ ਕੀਤਾ ਹੈ। ਬੇਗਮਪੁਰਾ' ਸ਼ਬਦ ਵਿਚ ਉਸ ਸ਼ਹਿਰ ਦਾ ਖਿਆਲ ਹੈ ਜਿੱਥੇ ਦੁੱਖ, ਡਰ ਅਤੇ ਤਣਾਅ ਜਾਂ ਫ਼ਿਕਰ ਨਹੀਂ ਹੈ। ਜਿਸ ਆਦਰਸ਼ ਰਾਜ ਦੀ ਭਗਤ ਰਵਿਦਾਸ ਜੀ ਨੇ ਕਲਪਨਾ ਕੀਤੀ, ਉਸ ਦਾ ਜ਼ਿਕਰ ਭਾਰਤੀ ਸੰਵਿਧਾਨ/ਕਾਨੂੰਨ ਦੀ ਪ੍ਰਸਤਾਵਨਾ ਵਿਚ ਹੈ। ਇਸ ਆਦਰਸ਼ਕ ਸ਼ਹਿਰ ਤਾਂ ਹੀ ਹੋਂਦ ਵਿਚ ਆ ਸਕਦਾ ਹੈ ਜੇਕਰ ਜਾਤ-ਪਾਤ ਦੇ ਭੇਦ-ਭਾਵ ਨੂੰ ਖ਼ਤਮ ਕਰਕੇ ਕਿਰਤ ਦੀ ਮਹੱਤਤਾ ਨੂੰ ਪਛਾਣਿਆ ਜਾਵੇ। ਜਦੋਂ ਤੱਕ ਕਿਰਤ ਨੂੰ ਜਾਤ ਨਾਲ ਜੋੜਿਆ ਜਾਂਦਾ ਰਹੇਗਾ, ਉਦੋਂ ਜਾਤ-ਪਾਤ ਦਾ ਭੇਦ-ਭਾਵ ਵਧੇਗਾ। ਮੌਜੂਦਾ ਹਾਲਾਤ ਵਿਚ ਕਾਨੂੰਨੀ ਅਤੇ ਸੰਵਿਧਾਨਕ ਤੌਰ 'ਤੇ ਕਿਰਤ ਸਬੰਧੀ ਲੋੜੀਂਦੀ ਵਿਚਾਰ ਚਰਚਾ ਸਾਹਮਣੇ ਨਹੀਂ ਆਉਂਦੀ ਭਾਵੇਂ ਇਸ ਦੇ ਸਮਰੂਪ ਜਾਤ ਤੇ ਜਮਾਤ ਬਾਰੇ ਕਈ ਸੰਵਾਦ ਰਚਾਏ ਜਾਂਦੇ ਹਨ। ਇਸ ਕਰਕੇ ਮੌਜੂਦਾ ਸਮੇਂ ਵਿਚ ਜਾਤ ਵਰਗੀ ਭਿਅੰਕਰ ਵਿਵਸਥਾ ਨੂੰ ਗੁਰਬਾਣੀ ਅਤੇ ਸੰਵਿਧਾਨ ਦੇ ਅਰਥਾਂ ਵਿਚ ਸਮਝ ਕੇ ਇਸ ਤੋਂ ਨਿਜਾਤ ਪਾਉਣ ਦਾ ਸਾਰਥਕ ਉਪਰਾਲਾ ਕਰਨਾ ਸਮੇਂ ਦੀ ਮੁੱਖ ਲੋੜ ਹੈ।

## ***ਹਵਾਲੇ ਅਤੇ ਟਿੱਪਣੀਆਂ***


1. *ਭਾਈ ਕਾਹਨ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼,ਪੰਨਾ-625*
2. *ਓਮ ਪ੍ਰਕਾਸ਼ ਵਾਲਮੀਕਿ, ਸਮਕਾਲੀਨ ਜਨਮਤ, ਪੰਨਾ-26.ਆਦਿ ਗ੍ਰੰਥ, ਪੰਨਾ-1106.*
3. *ਆਦਿ ਗ੍ਰੰਥ, ਪੰਨਾ-858*
4. *ਪਦ, ਰਵਿਦਾਸ.*
5. *ਕਾਮ , ਕ੍ਰੋਧ, ਮਦ, ਲੋਭ, ਤਜਿ, ਜੋ ਕਰਿ ਕਰਮ ਧਰਮ ਕਰਨ,*
6. *ਸੋਇ ਬ੍ਰਾਹਮਣ ਜਾਨਹਿ, ਕਿਹ ਰਵਿਦਾਸ ਵਿਚਾਰ।। (ਪਦ, ਰਵਿਦਾਸ).*
7. *ਅੰਗ ਅੰਗ ਕਟਵਾਈਏ ਜੋ ਦੀਨਨ ਕਰਿ ਹੇਤ। ਰਵਿਦਾਸ ਛਤਰੀ ਸੋਈ ਜਾਨੀਏ ਜੋ ਛਾਡੇ ਨਹੀਂ ਖੇਤ।' (ਪਦ, ਰਵਿਦਾਸ)*
8. *ਰਵਿਦਾਸ ਵੈਸ਼ ਸੋਈ ਜਾਨੀਏ ਜੋ ਸਤਿਕਾਰ ਕਮਾਏ। ਪੁੰਨ ਕਮਾਈ ਸਦ ਲਹੈ ਲੋਕੇ ਸਰਬਤ ਸਖਾਏ।, (ਪਦ, ਰਵਿਦਾਸ)*
9. *ਰਵਿਦਾਸ ਜੋ ਅਤੀ ਪਵਿੱਤਰ ਹੈ ਸੋਈ ਸੂਦਰ ਜਾਣ। ਜੋ ਕੁਕਰਮੀ ਅਸੁਧ ਜਨ, ਤਿਨ ਹਿਤ ਸੁੰਦਰ ਮਾਨ।।, (ਪਦ, ਰਵਿਦਾਸ)*
10. *ਆਦਿ ਗ੍ਰੰਥ, ਪੰਨਾ-486.*
11. *ਆਦਿ ਗ੍ਰੰਥ, ਪੰਨਾ-1283*
12. *ਆਦਿ ਗ੍ਰੰਥ, ਪੰਨਾ- 659*